PORT of vancouver

# Rolling Truck Age Program – ਆਮ ਪੁੱਛੇ ਜਾਣ ਵਾਲੇ ਸਵਾਲ

ਸੋਧਿਆ June 2022

Rolling Truck Age Program ("ਪ੍ਰੋਗਰਾਮ") ਬਾਰੇ ਵਿਸਥਾਰ ਵਿਚ ਜਾਣਕਾਰੀ ਲੈਣ ਲਈ, ਜਿਸ ਵਿਚ ਇੰਡਸਟਰੀ ਨੂੰ ਦਿੱਤੇ ਗਏ ਨੋਟਿਸ ਅਤੇ 2022 ਵਿਚ ਸ਼ਮੂਲੀਅਤ ਨਾਲ ਸੰਬੰਧਿਤ ਡਾਕੂਮੈਂਟਸ ਵੀ ਸ਼ਾਮਲ ਹਨ, ਕਿਰਪਾ ਕਰਕੇ portvancouver.com/truck-rail/truck/truck-licensing-system 'ਤੇ ਜਾਉ।

## 1. Rolling Truck Age Program ਕੀ ਹੈ?

- Vancouver Fraser Port Authority ਦੀਆਂ ਵਾਤਾਵਰਣ ਨਾਲ ਸੰਬੰਧਿਤ ਕਨਟੇਨਰ ਟਰੱਕ ਲਈ ਸ਼ਰਤਾਂ ਜੋ ਕਿ ਪਹਿਲਾਂ 2008 ਵਿਚ ਸਥਾਪਤ ਕੀਤੀਆਂ ਗਈਆਂ ਸਨ, ਪੋਰਟ ਵਿਚ ਆਉਣ ਵਾਲੇ ਕਨਟੇਨਰ ਟਰੱਕਾਂ ਤੋਂ ਵਾਤਾਵਰਣ ਪੱਖੀ ਜ਼ਿਆਦਾ ਮਿਆਰ ਪੂਰੇ ਕਰਨ ਦੀ ਮੰਗ ਕਰਦੀਆਂ ਹਨ।
- ਸਤੰਬਰ 15, 2022 ਤੋਂ, ਹੇਠਲੇ ਖਾਨੇ ਵਿਚਲੀਆਂ ਤਾਰੀਕਾਂ ਮੁਤਾਬਕ, ਟਰੱਕ ਪੋਰਟ ਅਥਾਰਟੀ ਦੇ Truck Licensing System (TLS) ਵਿੱਚੋਂ ਬਾਹਰ ਨਿਕਲਣਗੇ ਸ਼ੁਰੂ ਹੋਣਗੇ।
- ਫਰਵਰੀ 1, 2024 ਤੋਂ, 12-ਸਾਲਾਂ ਦੀ ਰੋਲਿੰਗ ਟਰੱਕ ਏਜ ਲਾਗੂ ਹੋਵੇਗੀ।

| Truck model year[1] | ਲਾਗੂ ਹੋਣ ਦੀ ਤਾਰੀਕ |
|---|---|
| 2006 ਅਤੇ ਪੁਰਾਣਾ | ਕੰਪਨੀਆਂ: ਸਤੰਬਰ 15, 2022 |
| | ਆਜ਼ਾਦ ਓਪਰੇਟਰ: ਨਵੰਬਰ 15, 2022[2] |
| 2007[3] | ਫਰਵਰੀ 15, 2023 |
| 2008 ਅਤੇ 2009 | ਜੁਲਾਈ 1, 2023 |
| 2010 | ਫਰਵਰੀ 1, 2024 |
| 2011+ | ਫਰਵਰੀ 1, 2024<br>(ਇਸ ਤਾਰੀਕ ਤੋਂ, 12-ਸਾਲ ਰੋਲਿੰਗ ਟਰੱਕ ਏਜ ਲਾਗੂ ਹੁੰਦੀ ਹੈ ਅਤੇ ਟਰੱਕ ਹਰ ਸਾਲ ਬਾਅਦ ਦੀ 1 ਫਰਵਰੀ ਨੂੰ ਏਜ ਆਊਟ ਹੁੰਦੇ ਹਨ) |

[1] ਟਰੱਕਾਂ ਲਈ ਨਿਯਮਾਂ ਦੀ ਪਾਲਣਾ ਵਾਸਤੇ ਸਿਰਫ ਟਰੱਕ ਦਾ ਮਾਡਲ ਸਾਲ ਹੀ ਵਿਚਾਰਨ ਵਾਲਾ ਪੱਖ ਨਹੀਂ ਹੈ। ਪ੍ਰਵਾਨਿਤ ਟਰੱਕਾਂ ਲਈ TLS ਦੀਆਂ ਸਾਰੀਆਂ ਸ਼ਰਤਾਂ ਲਾਗੂ ਰਹਿੰਦੀਆਂ ਹਨ।

[2] ਰੋਜ਼ਾਨਾ ਡਰਾਈਵਿੰਗ ਦੀਆਂ ਸਰਗਰਮੀਆਂ ਨੂੰ ਕਾਇਮ ਰੱਖਣ ਦੌਰਾਨ ਬਦਲਵਾਂ ਟਰੱਕ ਲੈਣ ਦੀ ਔਖਿਆਈ ਨੂੰ ਸਮਝਦੇ ਹੋਏ, ਪੋਰਟ ਅਥਾਰਟੀ 2022 ਵਿਚ ਏਜਿੰਗ ਆਊਟ ਹੋ ਰਹੇ ਟਰੱਕਾਂ ਦੇ ਆਜ਼ਾਦ ਓਪਰੇਟਰਾਂ ਨੂੰ ਨਿਯਮਾਂ ਦੀ ਪਾਲਣਾ ਕਰਨ ਵਾਲਾ ਟਰੱਕ ਹਾਸਲ ਕਰਨ ਲਈ 60 ਦਿਨ ਦਾ ਵਾਧੂ ਗਰੇਸ ਪੀਰੀਅਡ ਦੇ ਰਹੀ ਹੈ

[3] ਜੇ 2007 ਦੇ ਟਰੱਕ ਦਾ ਮਾਲਕ ਤਸੱਲੀਬਖਸ਼ ਸਬੂਤ ਦਿੰਦਾ ਹੈ ਕਿ ਟਰੱਕ ਵਿਚ ਪੂਰੀ ਤਰ੍ਹਾਂ ਕੰਮ ਕਰਨ ਵਾਲਾ 2007 ਦਾ ਇੰਜਨ ਅਤੇ ਇਗਜ਼ੌਸਟ ਸਿਸਟਮ ਹੈ ਤਾਂ ਇਹ 2008 ਦੇ ਟਰੱਕ ਵਜੋਂ ਏਜ ਆਊਟ ਹੋਵੇਗਾ

## 2. ਮੈਨੂੰ ਆਪਣਾ ਟਰੱਕ ਬਦਲਣ ਦੀ ਲੋੜ ਹੈ। ਕੀ ਨਵੇਂ ਟਰੱਕਾਂ ਜਾਂ ਟਰੱਕ ਬਦਲੀਆਂ ਲਈ ਕੋਈ ਘੱਟੋ ਘੱਟ ਸ਼ਰਤ ਹੈ?

- ਅਗਸਤ 1, 2019 ਤੋਂ TLS ਦੇ ਕਿਸੇ ਵੀ ਫਲੀਟ ਵਿਚ ਸਾਰੇ ਵਾਧਿਆਂ, ਬਦਲੀਆਂ, ਅਤੇ ਵਾਪਸ ਆ ਰਹੇ ਟਰੱਕਾਂ ਲਈ ਅਜਿਹੇ ਸਾਜ਼-ਸਾਮਾਨ ਨਾਲ ਲੈਸ 2014 ਦਾ ਟਰੱਕ ਹੋਣ ਦੀ ਲੋੜ ਹੈ ਜਿਹੜਾ 2014 ਲਈ ਸਾਜ਼-ਸਾਮਾਨ ਬਣਾਉਣ ਵਾਲੇ ਮੁਢਲੇ ਨਿਰਮਾਤਾ (OEM) ਦੇ ਇਮਿਸ਼ਨਜ਼ ਦੇ ਮਿਆਰਾਂ ਦੀ ਪਾਲਣਾ ਕਰਦਾ ਹੋਵੇ।
- ਨਵੇਂ ਟਰੱਕ ਦੇ ਦਾਖਲ ਹੋਣ ਦੀ ਘੱਟੋ ਘੱਟ ਉਮਰ 2014 ਦਾ ਟਰੱਕ ਹੋਣ ਦੀ ਇਹੀ ਸ਼ਰਤ 2022 ਦੌਰਾਨ ਲਾਗੂ ਰਹੇਗੀ।
- ਜਨਵਰੀ 1, 2023 ਤੋਂ TLS ਵਿਚ ਪਾਏ ਜਾਣ ਵਾਲੇ ਨਵੇਂ ਜਾਂ ਬਦਲਵੇਂ ਟਰੱਕਾਂ ਦਾ 2016 ਦੇ ਜਾਂ ਨਵੇਂ ਹੋਣਾ ਜ਼ਰੂਰੀ ਹੈ ਅਤੇ ਇਨ੍ਹਾਂ ਵਿਚ ਅਜਿਹਾ ਸਾਜ਼-ਸਾਮਾਨ ਹੋਣਾ ਜ਼ਰੂਰੀ ਹੈ ਜਿਹੜਾ 2016 ਲਈ ਸਾਜ਼-ਸਾਮਾਨ ਬਣਾਉਣ ਵਾਲੇ ਮੁਢਲੇ ਨਿਰਮਾਤਾ (OEM) ਦੇ ਇਮਿਸ਼ਨਜ਼ ਦੇ ਮਿਆਰਾਂ ਦੀ ਪਾਲਣਾ ਕਰਦਾ ਹੋਵੇ।

## 3. ਜੇ ਮੈਂ ਆਪਣੇ ਟਰੱਕ ਦੀ ਏਜ-ਆਊਟ ਤਾਰੀਕ ਤੱਕ ਪ੍ਰੋਗਰਾਮ ਦੀ ਪਾਲਣਾ ਕਰਨ ਵਾਲਾ ਬਦਲਵਾਂ ਟਰੱਕ ਨਾ ਲੱਭ ਸਕਾਂ ਤਾਂ ਕੀ ਹੁੰਦਾ ਹੈ? ਕੀ ਕੰਪਨੀ ਨਾਲ ਮੇਰੀ ਸਪੌਂਸਰਸ਼ਿਪ ਖਤਮ ਹੋ ਜਾਵੇਗੀ?

- ਇਹ ਮਾਮਲਾ ਆਈ ਓ ਅਤੇ ਇਸ ਨੂੰ ਸਪੌਂਸਰ ਕਰਨ ਵਾਲੀ ਕੰਪਨੀ ਨੇ ਹੱਲ ਕਰਨਾ ਹੈ। The Office of the British Columbia Container Trucking Commissioner ਪ੍ਰੋਗਰਾਮ ਬਾਰੇ ਜਾਣੂ ਹੈ।
- ਜ਼ਿਆਦਾ ਜਾਣਕਾਰੀ ਲਈ, ਉਨ੍ਹਾਂ ਦੇ Office ਨਾਲ 604.660.6051 'ਤੇ ਜਾਂ ਈਮੇਲ info@obcctc.ca 'ਤੇ ਸੰਪਰਕ ਕਰੋ

## 4. ਪੋਰਟ ਅਥਾਰਟੀ ਇਹ ਪ੍ਰੋਗਰਾਮ ਕਿਉਂ ਲਾਗੂ ਕਰ ਰਹੀ ਹੈ?

- ਵਾਤਾਵਰਣ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਇਲਾਕਿਆਂ ਵਿਚ ਟਰੇਡ ਦੀਆਂ ਸਰਗਰਮੀਆਂ ਦੇ ਅਸਰਾਂ ਨੂੰ ਘੱਟ ਕਰਨਾ, ਜਿੱਥੇ ਪੋਰਟ ਚੱਲਦੀ ਹੈ, ਕੈਨੇਡਾ ਪੋਰਟ ਅਥਾਰਟੀ ਵਜੋਂ ਸਾਡੇ ਫੈਡਰਲ ਆਦੇਸ਼ ਲਈ ਲਾਜ਼ਮੀ ਹੈ। ਜਿਵੇਂ ਕਿ ਇੱਥੇ ਦੱਸਿਆ ਗਿਆ ਹੈ, ਅਸੀਂ ਇਹ ਵਾਤਾਵਰਣ ਸੰਬੰਧੀ ਐਕਸ਼ਨ ਦੇ ਕਈ ਪ੍ਰੋਗਰਾਮਾਂ ਰਾਹੀਂ ਕਰਦੇ ਹਾਂ।
- ਡਰੇਏਜ (ਢੋਆ-ਢੁਆਈ ਦਾ) ਸੈਕਟਰ ਸਪਲਾਈ ਚੇਨ ਦਾ ਇਕ ਜ਼ਰੂਰੀ ਹਿੱਸਾ ਹੈ ਅਤੇ ਇਸ ਦਾ ਉਨ੍ਹਾਂ ਇਲਾਕਿਆਂ ਨਾਲ ਨੇੜੇ ਦਾ ਸੰਬੰਧ ਹੈ ਜਿੱਥੇ ਅਸੀਂ ਰਹਿੰਦੇ ਅਤੇ ਕੰਮ ਕਰਦੇ ਹਾਂ।
- Todਅੱਜ ਡਰੇਏਜ ਫਲੀਟ ਵਿਚ ਤਕਰੀਬਨ 1,800 ਲੋਕਲ ਅਤੇ ਲੰਮੇ ਰੂਟ 'ਤੇ ਚੱਲਣ ਵਾਲੇ ਟਰੱਕ ਹਨ ਅਤੇ ਇਹ Metro Vancouver ਦੇ ਵਿਚ ਹਰ ਹਫਤੇ ਔਸਤਨ 30,000-35,000 ਟਰੱਕ ਟ੍ਰਿਪ ਲਗਾਉਂਦੇ ਹਨ।
- ਡਰੇਏਜ ਫਲੀਟ ਦਾ ਆਕਾਰ ਅਤੇ ਇਸ ਸੈਕਟਰ ਵਲੋਂ ਲਾਏ ਗਏ ਟ੍ਰਿਪਾਂ ਦੀ ਗਿਣਤੀ ਦਾ ਮਤਲਬ ਹੈ ਕਿ ਇਹ Metro Vancouver ਦੇ ਇਲਾਕਿਆਂ ਵਿਚ ਸਾਡੇ ਲਈ ਟਰੇਡ ਅਤੇ ਵਾਤਾਵਰਣ ਦੇ ਅਸਰਾਂ ਨੂੰ ਘਟਾਉਣ ਵੱਲ ਧਿਆਨ ਦੇਣ ਦਾ ਇਕ ਖੇਤਰ ਹੈ।

## 5. ਪ੍ਰੋਗਰਾਮ ਦੇ ਫਾਇਦੇ ਕੀ ਹਨ?

- ਟਰੱਕਾਂ ਦੇ ਖਰਾਬ ਹੋਣ ਅਤੇ ਅਚਾਨਕ ਹੋਣ ਵਾਲੀਆਂ ਰਿਪੇਅਰਾਂ ਨਾਲ ਸਰਵਿਸ ਵਿਚ ਪੈਣ ਵਾਲੇ ਵਿਘਨਾਂ ਅਤੇ ਗੇਟਵੇਅ ਵਿਚ ਭੀੜ ਕਾਰਨ ਘੱਟ ਪ੍ਰੋਡਕਟੀਵਿਟੀ ਦੀ ਸੰਭਾਵਨਾ ਨੂੰ ਘਟਾਉਂਦਾ ਹੈ।
- TLS ਡਰੇਏਜ ਫਲੀਟ ਦੀ ਵਾਤਾਵਰਣ ਨਾਲ ਸੰਬੰਧਿਤ ਕਾਰਗੁਜ਼ਾਰੀ ਵਿਚ ਸੁਧਾਰ ਕਰਦਾ ਹੈ।
- ਸਾਜ਼-ਸਾਮਾਨ ਵਿਚ ਦੁਬਾਰਾ ਇਨਵੈਸਟਮੈਂਟ ਨੂੰ ਉਤਸ਼ਾਹ ਦਿੰਦਾ ਹੈ ਜਿਸ ਨਾਲ ਇੰਡਸਟਰੀ ਵਿਚ ਜ਼ਿਆਦਾ ਸਥਿਰਤਾ ਪੈਦਾ ਹੁੰਦੀ ਹੈ।

- ਟਰੱਕਾਂ ਦੇ ਸੁਧਰੇ ਹੋਏ ਡਿਜ਼ਾਇਨ ਅਤੇ ਟੈਕਨੌਲੋਜੀ ਰਾਹੀਂ ਡਰਾਈਵਰ ਅਤੇ ਜਨਤਕ ਗੱਡੀਆਂ ਦੇ ਟਰੈਫਿਕ ਦੀ ਸੇਫਟੀ ਵਿਚ ਵਾਧਾ ਕਰਦਾ ਹੈ, ਜਿਨ੍ਹਾਂ ਵਿਚ ਡਰਾਈਵਰ ਨੂੰ ਜ਼ਿਆਦਾ ਦਿਖਾਈ ਦੇਣਾ, ਸੈਂਸਰ, ਵਾਰਨਿੰਗ ਦੇਣ ਵਾਲੇ ਸਿਗਨਲ ਆਦਿ, ਅਤੇ ਚਲਾਈ ਦੀ ਜ਼ਿਆਦਾ ਭਰੋਸੇਯੋਗਤਾ ਸ਼ਾਮਲ ਹਨ।

### 6. ਵਾਤਾਵਰਣ ਲਈ ਕੀ ਫਾਇਦੇ ਹਨ?

- Rolling Truck Age Program ਦੇ ਵਾਤਾਵਰਣ ਲਈ ਵੱਡੇ ਫਾਇਦੇ ਹਨ। ਜੁਲਾਈ 1, 2023 ਤੋਂ, ਜਦੋਂ 2009 ਦੇ ਅਤੇ ਇਸ ਤੋਂ ਪੁਰਾਣੇ ਟਰੱਕ TLS ਫਲੀਟਸ ਵਿੱਚੋਂ ਹਟਾ ਦਿੱਤੇ ਜਾਣਗੇ, ਪ੍ਰੋਗਰਾਮ ਨਾਲ ਇਹ ਸਲਾਨਾ ਕਟੌਤੀਆਂ ਹੋਣਗੀਆਂ:
  - ਗਰੀਨਹਾਊਸ ਗੈਸਾਂ (CO2e) ਵਿਚ 15,000 ਟਨ ਦੀ ਕਮੀ – ਹਰ ਸਾਲ ਸੜਕ ਤੋਂ 3,000 ਪੈਸੰਜਰ ਗੱਡੀਆਂ ਹਟਾਉਣ ਦੇ ਬਰਾਬਰ
  - ਨਾਈਟਰੱਸ ਔਕਸਾਈਡਜ਼ (NOx) ਵਿਚ 575 ਟਨ ਦੀ ਕਮੀ – ਹਰ ਸਾਲ ਸੜਕ ਤੋਂ 80,000 ਪੈਸੰਜਰ ਗੱਡੀਆਂ ਹਟਾਉਣ ਦੇ ਬਰਾਬਰ
  - ਕੈਂਸਰ ਹੋਣ ਦਾ ਕਾਰਨ ਸਮਝੇ ਜਾਂਦੇ ਇਕ ਪਾਰਟੀਕੁਲੇਟ ਮੈਟਰ 2.5 (PM2.5) ਵਿਚ 37 ਟਨ ਦੀ ਕਮੀ – ਹਰ ਸਾਲ ਸੜਕ ਤੋਂ 200,000 ਪੈਸੰਜਰ ਗੱਡੀਆਂ ਹਟਾਉਣ ਦੇ ਬਰਾਬਰ

## ਟਰੱਕ ਨੂੰ ਛੋਟ ਦੀ ਐਪਲੀਕੇਸ਼ਨ

### 7. ਟਰੱਕ ਨੂੰ ਛੋਟ ਦੀ ਐਪਲੀਕੇਸ਼ਨ ਦੀ ਕਾਰਵਾਈ ਕੀ ਹੈ?

- Rolling Truck Age Program ਵਿਚ ਟਰੱਕ ਨੂੰ ਛੋਟ ਦੀ ਕਾਰਵਾਈ ਵੀ ਸ਼ਾਮਲ ਹੈ, ਜਿਹੜੀ ਪ੍ਰੋਗਰਾਮ ਦੀ ਪਾਲਣਾ ਨਾ ਕਰਨ ਵਾਲੇ ਟਰੱਕਾਂ ਨਾਲ ਚੰਗੀ ਸਟੈਂਡਿੰਗ ਵਾਲੇ TLS ਧਾਰਕਾਂ ਨੂੰ ਉਨ੍ਹਾਂ ਟਰੱਕਾਂ ਲਈ ਆਰਜ਼ੀ ਛੋਟ ਲਈ ਅਪਲਾਈ ਕਰਨ ਦੀ ਆਗਿਆ ਦੇਵੇਗੀ ਜਿਹੜੇ ਟਰੱਕ, ਵਾਤਾਵਰਣ ਨਾਲ ਸੰਬੰਧਿਤ, ਟੈਕਨੀਕਲ, ਸੇਫਟੀ, ਅਤੇ ਦਿਖਾਈ ਦੇਣ ਦੇ ਪ੍ਰਮਾਣਿਤ ਮਿਆਰਾਂ ਦੇ ਆਧਾਰ ’ਤੇ 12 ਸਾਲ ਦੀ ਉਮਰ ਦੇ ਟਰੱਕ ਦੇ ਮੁਕਾਬਲਤਨ ਮਿਆਰ ਪੂਰੇ ਕਰਦੇ ਹਨ ਜਾਂ ਇਨ੍ਹਾਂ ਮਿਆਰਾਂ ਤੋਂ ਅਗਾਂਹ ਜਾਂਦੇ ਹਨ।
- ਛੋਟ ਦੀ ਕਾਰਵਾਈ TLS ਵਲੋਂ ਮਨਜ਼ੂਰਸ਼ੁਦਾ ਕਿਸੇ ਵੀ ਉਸ ਟਰੱਕ ਲਈ ਉਪਲਬਧ ਹੋਵੇਗੀ ਜਿਸ ਨੇ ਉਸ ਤਰ੍ਹਾਂ TLS ਤੋਂ ਏਜ ਆਊਟ ਹੋ ਜਾਣਾ ਸੀ ਅਤੇ ਇਹ ਦੋ ਸਾਲਾਂ ਤੱਕ ਦੀ ਐਕਸਟੈਨਸ਼ਨ ਦੇਵੇਗੀ।
- ਇਕ ਉਦਾਹਰਣ ਵਜੋਂ, ਲਾਗੂ ਪਲੈਨ ਦੇ ਆਧਾਰ ’ਤੇ, 2010 ਦਾ ਟਰੱਕ ਫਰਵਰੀ 1, 2024 ਨੂੰ ਏਜ ਆਊਟ ਹੋ ਜਾਵੇਗਾ, ਜਦੋਂ ਇਹ 13 ਸਾਲ ਪੁਰਾਣਾ ਹੋਵੇਗਾ। ਜੇ 2010 ਦੇ ਟਰੱਕ ਲਈ ਦੋ ਸਾਲਾਂ ਦੀ ਛੋਟ ਲਈ ਅਪਲਾਈ ਕੀਤਾ ਜਾਂਦਾ ਹੈ ਅਤੇ ਛੋਟ ਮਿਲ ਜਾਂਦੀ ਹੈ ਤਾਂ ਇਹ ਫਰਵਰੀ 1, 2026 ਨੂੰ 15 ਸਾਲ ਦੀ ਉਮਰ ’ਤੇ ਏਜ ਆਊਟ ਹੋ ਸਕਦਾ ਹੈ। ਜਿਵੇਂ ਕਿ ਟੈਕਨੌਲੋਜੀ ਵਿਚ ਤਰੱਕੀ ਅਤੇ ਵਾਤਾਵਰਣ ਨਾਲ ਸੰਬੰਧਿਤ ਅਤੇ ਰੈਗੂਲੇਟਰੀ ਮਿਆਰ, ਟਰੱਕ ਬਣਾਉਣ ਦੇ ਹਰ ਸਾਲ ਨਹੀਂ ਬਦਲਦੇ, ਇਹ ਉਮੀਦ ਕੀਤੀ ਜਾਂਦੀ ਹੈ ਕਿ ਛੋਟ ਦੀਆਂ ਐਪਲੀਕੇਸ਼ਨਾਂ ਨੂੰ ਪ੍ਰਵਾਨਗੀ ਅਤੇ ਉਸ ਪ੍ਰਵਾਨਗੀ ਦੀ ਮਿਆਦ ਵੱਖ ਵੱਖ ਹੋਵੇਗੀ, ਜੋ ਕਿ ਟਰੱਕ ਦੀ ਉਮਰ ਉੱਪਰ ਨਿਰਭਰ ਕਰੇਗਾ। ਇਹ 15 ਸਾਲ ਤੱਕ ਪੁਰਾਣੇ ਕੁਝ ਟਰੱਕਾਂ ਨੂੰ TLS ਵਿਚ ਚੱਲਣਾ ਜਾਰੀ ਰੱਖਣ ਦੇਵੇਗਾ।
- ਹੋਰ ਵੇਰਵਿਆਂ ਲਈ ਅਤੇ ਅਪਲਾਈ ਕਰਨ ਲਈ ਕਿਰਪਾ ਕਰਕੇ Truck Exception Application ਦੇਖੋ।

### 8. ਮੈਂ ਛੋਟ ਲਈ ਅਪਲਾਈ ਕਦੋਂ ਕਰ ਸਕਦਾ ਹਾਂ?

- ਐਪਲੀਕੇਸ਼ਨਾਂ ਉਸ ਤਾਰੀਕ ਤੋਂ ਪਹਿਲਾਂ ਦੇ ਛੇ ਮਹੀਨਿਆਂ ਵਿਚ ਦਿੱਤੀਆਂ ਜਾ ਸਕਦੀਆਂ ਹਨ ਜਦੋਂ ਟਰੱਕ TLS ਤੋਂ ਏਜ ਆਊਟ ਹੋ ਰਿਹਾ ਹੈ।
- ਭਾਵੇਂ ਕਿ ਛੋਟ ਲਈ ਐਪਲੀਕੇਸ਼ਨਾਂ ਟਰੱਕ ਦੀ ਏਜ ਆਊਟ ਤਾਰੀਕ ਤੱਕ (ਪਰ ਬਾਅਦ ਵਿਚ ਨਹੀਂ) ਦਿੱਤੀਆਂ ਜਾ ਸਕਦੀਆਂ ਹਨ, ਅਸੀ ਐਪਲੀਕੇਸ਼ਨ ਦੇਣ ਵਾਲਿਆਂ ਨੂੰ ਉਤਸ਼ਾਹ ਦਿੰਦੇ ਹਾਂ ਕਿ ਉਹ ਆਪਣੀ ਐਪਲੀਕੇਸ਼ਨ ਇਸ ਦੀ ਆਗਿਆ ਮਿਲਣ ਤੋਂ ਬਾਅਦ ਛੇਤੀ ਤੋਂ ਛੇਤੀ ਦੇ ਦੇਣ ਤਾਂ ਜੋ ਇਹ ਪੱਕਾ ਹੋਵੇ ਕਿ ਜੇ ਉਨ੍ਹਾਂ ਦੀ ਐਪਲੀਕੇਸ਼ਨ ਕਾਮਯਾਬ ਨਹੀਂ ਹੁੰਦੀ ਤਾਂ TLS ਵਿਚ ਹਿੱਸਾ ਲੈਣ ਵਾਲਿਆਂ ਕੋਲ ਬਦਲਵਾਂ ਯੋਗ ਟਰੱਕ ਲੱਭਣ ਲਈ ਸਮਾਂ ਹੋਵੇ।

### 9. ਛੋਟ ਲਈ ਐਪਲੀਕੇਸ਼ਨ ਕੌਣ ਦੇ ਸਕਦਾ ਹੈ?

- ਜਿਨ੍ਹਾਂ ਟਰੱਕਿੰਗ ਕੰਪਨੀਆਂ ਕੋਲ ਪੋਰਟ ਅਥਾਰਟੀ ਨਾਲ Access Agreement ਹੈ, ਉਨ੍ਹਾਂ ਲਈ ਆਪਣੀ ਕੰਪਨੀ ਦੇ ਫਲੀਟ ਦੀ ਤਰਫੋਂ ਅਤੇ ਆਪਣੇ ਐਗਰੀਮੈਂਟ ਨਾਲ ਜੁੜੇ independent operator (IO) ਦੀ ਤਰਫੋਂ ਅਪਲਾਈ ਕਰਨਾ ਜ਼ਰੂਰੀ ਹੈ
- ਜਿਹੜੇ IOs ਇਸ ਵੇਲੇ ਕਿਸੇ ਕੰਪਨੀ ਦੇ ਫਲੀਟ ਨਾਲ ਨਹੀਂ ਜੁੜੇ ਹੋਏ ਪਰ ਅਜੇ ਵੀ BC Container Trucking Commissioner's IO ਲਿਸਟ ਦਾ ਹਿੱਸਾ ਹਨ, ਉਹ ਆਪਣੀ ਤਰਫੋਂ ਆਪ ਅਪਲਾਈ ਕਰ ਸਕਦੇ ਹਨ

### 10. ਟਰੱਕ ਨੂੰ ਛੋਟ ਦੀ ਐਪਲੀਕੇਸ਼ਨ ਦੀ ਕਿੰਨੀ ਫੀਸ ਹੈ?

- ਟਰੱਕ ਨੂੰ ਛੋਟ ਦੀ ਐਪਲੀਕੇਸ਼ਨ ਦੀ $1,100 ਫੀਸ ਹੈ ਜੋ ਕਿ ਨਾ ਵਾਪਸ ਕਰਨ ਯੋਗ ਹੈ ਅਤੇ ਜਮ੍ਹਾਂ ਲਾਗੂ ਹੋਣ ਵਾਲੇ ਟੈਕਸ ਹਨ।
- *Canada Marine Act* ਦੇ Section 49 ਵਿਚ ਦਿੱਤੇ ਗਏ ਅਧਿਕਾਰ ਮੁਤਾਬਕ, ਪੋਰਟ ਅਥਾਰਟੀ ਨੇ ਪ੍ਰੋਗਰਾਮ ਵਿਚ ਛੋਟ ਲਈ ਐਪਲੀਕੇਸ਼ਨਾਂ 'ਤੇ ਵਿਚਾਰ ਕਰਨ ਨਾਲ ਜੁੜੇ ਪ੍ਰਬੰਧਕੀ ਅਤੇ ਇੰਸਪੈਕਸ਼ਨ ਦੇ ਖਰਚਿਆਂ ਨੂੰ ਕਵਰ ਕਰਨ ਦੇ ਖਰਚੇ ਦੀ ਵਸੂਲੀ ਲਈ ਇਹ ਫੀਸ ਲਾਗੂ ਕੀਤੀ ਹੈ।

### 11. ਫੀਸ ਪ੍ਰਬੰਧਕੀ ਖਰਚਿਆਂ ਅਤੇ ਇੰਸਪੈਕਸ਼ਨ ਦੇ ਖਰਚਿਆਂ ਵਿਚਕਾਰ ਕਿਵੇਂ ਵੰਡੀ ਜਾਂਦੀ ਹੈ?

- ਫੀਸ ਦਾ ਤਕਰੀਬਨ 25% ਹਿੱਸਾ ਐਪਲੀਕੇਸ਼ਨ ਨੂੰ ਪ੍ਰੋਸੈੱਸ ਕਰਨ ਦੇ ਪੋਰਟ ਅਥਾਰਟੀ ਦੇ ਪ੍ਰਬੰਧਕੀ ਖਰਚੇ ਵਸੂਲਣ ਲਈ ਜਾਂਦਾ ਹੈ।
- ਫੀਸ ਦਾ ਤਕਰੀਬਨ 75% ਹਿੱਸਾ ਤੀਜੀ ਧਿਰ ਦੇ ਇੰਸਪੈਕਸ਼ਨ ਦੇ ਆਮ ਖਰਚੇ ਵਸੂਲਣ ਲਈ ਜਾਂਦਾ ਹੈ।
- ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਕਿ ਇੱਕੋ ਜਿਹੀਆਂ ਸੇਵਾਵਾਂ ਲਈ OEM ਥਾਂਵਾਂ ਇਕ ਹੱਦ ਦੇ ਅੰਦਰ ਅੰਦਰ ਚਾਰਜ ਕਰਦੀਆਂ ਹਨ, ਉਸ ਹੱਦ ਦੀ ਔਸਤ ਫੀਸ ਦੇ ਹਿੱਸੇ ਵਜੋਂ ਵਸੂਲੀ ਜਾਵੇਗੀ।

### 12. ਆਜ਼ਦ ਓਪਰੇਟਰਾਂ ਦੇ ਟਰੱਕਾਂ ਲਈ ਫੀਸ ਕੌਣ ਦਿੰਦਾ ਹੈ?

- ਉਨ੍ਹਾਂ ਆਜ਼ਾਦ ਓਪਰੇਟਰਾਂ ਲਈ ਜਿਨ੍ਹਾਂ ਨੂੰ ਇਸ ਵੇਲੇ ਸਪੌਂਸਰ ਕੀਤਾ ਗਿਆ ਹੈ ਜਾਂ ਕਿਸੇ ਫਲੀਟ ਨਾਲ ਜੁੜੇ ਹੋਏ ਹਨ, ਪੋਰਟ ਅਥਾਰਟੀ ਇਹ ਮੰਗ ਕਰਦੀ ਹੈ ਕਿ TLS ਕੰਪਨੀ ਪੇਮੈਂਟ ਅਟੈਚ ਕਰਕੇ ਛੋਟ ਲਈ ਐਪਲੀਕੇਸ਼ਨ ਦੇਵੇ। ਭਾਵੇਂ ਉਹ ਪੇਮੈਂਟ ਕੰਪਨੀ ਦਾ ਖਰਚਾ ਹੋਵੇ ਜਾਂ ਐਪਲੀਕੇਸ਼ਨ ਕਰਨ ਵਾਲੀ ਕੰਪਨੀ ਵਲੋਂ ਆਜ਼ਾਦ ਓਪਰੇਟਰ ਤੋਂ ਲਿਆ ਜਾਣਾ ਹੋਵੇ, ਇਸ ਦਾ ਫੈਸਲਾ ਕੰਪਨੀਆਂ ਅਤੇ ਉਨ੍ਹਾਂ ਦੇ ਡਰਾਈਵਰਾਂ ਨੇ BC Container Trucking Commissioner ਦੀ ਸੇਧ ਮੁਤਾਬਕ ਕਰਨਾ ਹੈ।

## ਇੰਸਪੈਕਸ਼ਨ ਦੇ ਮਾਪ ਦੰਡ

### 13. ਕੀ ਮੇਰਾ ਟਰੱਕ ਛੋਟ ਲਈ ਯੋਗ ਹੈ?

- ਉਨ੍ਹਾਂ ਟਰੱਕਾਂ ਨਾਲ ਚੰਗੀ ਸਟੈਂਡਿੰਗ ਵਾਲੇ TLS ਧਾਰਕ ਜਿਹੜੇ ਟਰੱਕ ਪ੍ਰੋਗਰਾਮ ਦੀ ਪਾਲਣਾ ਨਹੀਂ ਕਰ ਰਹੇ ਹਨ, ਉਹ ਉਨ੍ਹਾਂ ਟਰੱਕਾਂ ਲਈ ਸ਼ਰਤਾਂ ਨਾਲ ਛੋਟ ਲਈ ਅਪਲਾਈ ਕਰਨ ਦੇ ਯੋਗ ਹਨ ਜਿਹੜੇ ਟਰੱਕ, ਵਾਤਾਵਰਣ ਨਾਲ ਸੰਬੰਧਿਤ, ਟੈਕਨੀਕਲ, ਸੇਫਟੀ, ਅਤੇ ਦਿਖਾਈ ਦੇਣ ਦੇ ਪ੍ਰਮਾਣਿਤ ਮਿਆਰਾਂ ਦੇ ਆਧਾਰ 'ਤੇ 12 ਸਾਲ ਦੀ ਉਮਰ ਦੇ ਟਰੱਕ ਦੇ ਮੁਕਾਬਲਤਨ ਮਿਆਰ ਪੂਰੇ ਕਰਦੇ ਹਨ ਜਾਂ ਇਨ੍ਹਾਂ ਮਿਆਰਾਂ ਤੋਂ ਅਗਾਂਹ ਜਾਂਦੇ ਹਨ।
- ਛੋਟ ਦੀ ਕਾਰਵਾਈ 12 ਸਾਲ ਨਾਲੋਂ ਜ਼ਿਆਦਾ ਪੁਰਾਣੇ ਟਰੱਕਾਂ ਲਈ ਉਪਲਬਧ ਹੋਵੇਗੀ ਅਤੇ ਇਹ ਦੋ ਸਾਲਾਂ ਤੱਕ ਦੇ ਵਾਧੇ ਦੀ ਆਗਿਆ ਦੇਵੇਗੀ।

### 14. ਜੇ ਮੇਰਾ ਟਰੱਕ ਇੰਸਪੈਕਸ਼ਨ ਵਿਚ ਫੇਲ੍ਹ ਹੋ ਜਾਂਦਾ ਹੈ ਤਾਂ ਕੀ ਮੈਂ ਛੋਟ ਲਈ ਦੁਬਾਰਾ ਅਪਲਾਈ ਕਰ ਸਕਦਾ ਹਾਂ?

- ਹਾਂ, ਜੇ ਐਪਲੀਕੇਸ਼ਨ ਕਰਨ ਦਾ ਸਮਾਂ ਖੁੱਲ੍ਹਾ ਰਹਿੰਦਾ ਹੈ ਅਤੇ ਟਰੱਕ TLS ਵਲੋਂ ਪ੍ਰਵਾਨਿਤ ਰਹਿੰਦਾ ਹੈ। ਜੇ ਮਾਲਕ ਇਹ ਮਹਿਸੂਸ ਕਰਦਾ ਹੋਵੇ ਕਿ ਰਹਿੰਦੀਆਂ ਸਮੱਸਿਆਵਾਂ ਦਾ ਹੱਲ ਕਰ ਦਿੱਤਾ ਗਿਆ ਹੈ ਤਾਂ ਉਹ ਛੋਟ ਲਈ ਦੁਬਾਰਾ ਅਪਲਾਈ ਕਰ ਸਕਦਾ ਹੈ।
- ਇਕ ਨਵੀਂ ਐਪਲੀਕੇਸ਼ਨ ਅਤੇ ਫੀਸ ਦੀ ਇਕ ਹੋਰ ਪੇਮੈਂਟ ਦੇਣੀ ਪਵੇਗੀ

### 15. ਜੇ ਮੈਂ ਆਪਣੇ ਟਰੱਕ ਵਿਚ ਇਕ ਨਵਾਂ, ਉਮਰ ਦੀ ਪਾਲਣਾ ਕਰਦਾ ਇੰਜਨ ਪਵਾਇਆ ਹੋਵੇ ਤਾਂ ਕੀ ਮੇਰਾ ਟਰੱਕ ਏਜਿੰਗ ਆਊਟ ਹੋਣ ਤੋਂ ਪਹਿਲਾਂ TLS ਸਿਸਟਮ ਵਿਚ ਜ਼ਿਆਦਾ ਸਮਾਂ ਰਹਿ ਸਕਦਾ ਹੈ?

- Rolling Truck Age Program ਹੇਠ, ਆਮ ਤੌਰ ’ਤੇ, ਟਰੱਕ ਮਾਡਲ ਸਾਲ ਦੇ ਆਧਾਰ ’ਤੇ ਏਜ ਆਊਟ ਹੁੰਦੇ ਹਨ। ਫਿਰ ਵੀ, ਇੰਜਨ ਜਾਂ ਵਾਤਾਵਰਣ ਸਿਸਟਮ ਦੀ ਪਾਲਣਾ ਨਾ ਕਰਨ ਵਾਲਾ, ਮਾਡਲ ਦੀ ਪਾਲਣਾ ਕਰਨ ਵਾਲਾ ਟਰੱਕ Approved Vehicle ਲਈ ਪੋਰਟ ਅਥਾਰਟੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ ਹੋ ਸਕਦਾ ਹੈ।
- ਜੇ ਕਿਸੇ ਪੁਰਾਣੇ ਟਰੱਕ ਵਿਚ ਉਮਰ ਦੀ ਪਾਲਣਾ ਕਰਨ ਵਾਲਾ ਨਵਾਂ ਇੰਜਨ, OEM ਮੁਤਾਬਕ ਇਮਿਸ਼ਨ ਕੰਟਰੋਲ ਸਿਸਟਮ, ਅਤੇ ਇੰਜਨ ਦਾ ਸਹੀ ਰੂਪ ਹੋਵੇ ਤਾਂ ਇਹ ਐਪਲੀਕੇਸ਼ਨ ਕਰਨ ’ਤੇ ਛੋਟ ਲਈ ਯੋਗ ਹੋ ਸਕਦਾ ਹੈ। ਪਰ, ਇੰਜਨ ਦੀ ਉਮਰ ਵਿਚਾਰੇ ਜਾਂਦੇ ਮਾਪ ਦੰਡਾਂ ਦਾ ਸਿਰਫ ਇਕ ਪੱਖ ਹੈ। 2014 ਤੋਂ, ਰੈਗੂਲੇਟਰੀ ਮਿਆਰ, ਗੱਡੀਆਂ ਦੇ ਖਾਸ ਹਿੱਸਿਆਂ ਦੀ ਬਜਾਏ ਸਮੁੱਚੀ ਕੁਸ਼ਲਤਾ ’ਤੇ ਧਿਆਨ ਦਿੰਦੇ ਹਨ। ਟਰੱਕ ਨੂੰ ਸੇਫਟੀ ਅਤੇ ਦਿਖਾਈ ਦੇਣ ਦੀਆਂ ਸ਼ਰਤਾਂ ਪੂਰੀਆਂ ਕਰਨ ਜਾਂ ਇਨ੍ਹਾਂ ਤੋਂ ਵਧਣ ਦੀ ਵੀ ਲੋੜ ਪਵੇਗੀ।
- ਇੰਸਪੈਕਸ਼ਨ ਦੇ ਮਾਪ ਦੰਡਾਂ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ portvancouver.com/truck-rail/truck/truck-licensing-system/ ’ਤੇ ਜਾਉ

### 16. ਕੀ ਮੈਂ ਸ਼ਰਤਾਂ ਪੂਰੀਆਂ ਕਰਨ ਲਈ ਆਪਣੇ ਟਰੱਕ ਵਿਚ ਕੋਈ ਚੀਜ਼ ਪਾ ਸਕਦਾ ਹਾਂ?

- ਇਹ ਸਲਾਹ ਦਿੱਤੀ ਜਾਂਦੀ ਹੈ ਕਿ ਟਰੱਕ ਮਾਲਕ, ਸ਼ਰਤਾਂ ਪੂਰੀਆਂ ਕਰਨ ਲਈ ਆਪਣੇ ਟਰੱਕ ਵਿਚ ਚੀਜ਼ਾਂ ਪਾਉਣ (ਰੈਟਰੋਫਿਟਿੰਗ) ਦੀ ਸੰਭਾਵਨਾ ਅਤੇ ਖਰਚੇ ਦਾ ਪਤਾ ਲਾਉਣ ਲਈ ਸਿੱਧੇ ਚੀਜ਼ਾਂ ਪਾਉਣ ਵਾਲੇ ਪੇਸ਼ਾਵਰ ਲੋਕਾਂ ਨਾਲ ਗੱਲ ਕਰਨ। ਕੋਈ ਰੈਟਰੋਫਿਟ ਕੀਤਾ ਗਿਆ ਟਰੱਕ ਮਨਜ਼ੂਰੀ ਮਿਲਣ ਦੀ ਗਾਰੰਟੀ ਨਹੀਂ ਹੈ। 2014 ਤੋਂ, ਰੈਗੂਲੇਟਰੀ ਮਿਆਰ, ਗੱਡੀਆਂ ਦੇ ਖਾਸ ਹਿੱਸਿਆਂ ਦੀ ਬਜਾਏ, ਬਹੁਤ ਸਾਰੀਆਂ ਛੋਟੀਆਂ ਸੋਧਾਂ ਰਾਹੀਂ ਗੱਡੀਆਂ ਦੀ ਸਮੁੱਚੀ ਕੁਸ਼ਲਤਾ ’ਤੇ ਧਿਆਨ ਦਿੰਦੇ ਹਨ।
- ਰੈਟਰੋਫਿਟ ਕੀਤੇ ਗਏ ਟਰੱਕ ’ਤੇ ਆਰਜ਼ੀ ਛੋਟ ਦੀ ਕਾਰਵਾਈ ਲਾਗੂ ਹੋਵੇਗੀ

### 17. ਮੇਰੇ 2010 ਦੇ ਟਰੱਕ ਵਿਚ 2009 ਦਾ ਇੰਜਨ ਹੈ। ਕੀ ਉਹ ਟਰੱਕ ਛੋਟ ਲੈਣ ਦੇ ਮੰਤਵ ਲਈ 2010 ਦੇ ਟਰੱਕ ਦਾ ਮਿਆਰ ਪੂਰਾ ਕਰੇਗਾ?

- ਨਹੀਂ। 2009 ਇੰਜਨ ਸਰਟੀਫਿਕੇਸ਼ਨ ਨਾਲ 2010 ਮਾਡਲ ਸਾਲ ਦਾ ਟਰੱਕ 2010 ਦੇ ਟਰੱਕ ਦੇ ਵਾਤਾਵਰਣ ਨਾਲ ਸੰਬੰਧਿਤ ਮਿਆਰ ਪੂਰੇ ਨਹੀਂ ਕਰੇਗਾ।

### 18. ਛੋਟ ਦੀ ਕਾਰਵਾਈ ਵਿਚ ਮੇਰੇ ਟਰੱਕ ’ਤੇ ਵਿਚਾਰ ਕਰਨ ਲਈ ਕਿਹੜਾ ਮਾਪ ਦੰਡ ਵਰਤਿਆ ਜਾਵੇਗਾ?

- ਟਰੱਕ ਨੂੰ ਵਾਤਾਵਰਣ ਨਾਲ ਸੰਬੰਧਿਤ ਮਿਆਰਾਂ, ਸੇਫਟੀ ਅਤੇ ਭਰੋਸੇਯੋਗਤਾ ਦੀਆਂ ਹਾਲਤਾਂ (ਜਿਵੇਂ ਮਕੈਨਿਕਸ ਅਤੇ ਸੰਭਾਲ), ਅਤੇ ਦਿਖਾਈ ਦੇਣ ਦੇ ਮਿਆਰਾਂ ਦੇ ਆਧਾਰ ’ਤੇ ਵਿਚਾਰਿਆ ਜਾਵੇਗਾ

- ਵਾਤਾਵਰਣ ਅਤੇ ਸੇਫਟੀ ਨਾਲ ਸੰਬੰਧਿਤ ਮਿਆਰ, ਇੰਸਪੈਕਸ਼ਨ ਕਰਨ ਵਾਲੀਆਂ ਥਾਂਵਾਂ ਦੀ ਪਹਿਲਾਂ ਹੀ ਪਛਾਣੀ ਗਈ ਲਿਸਟ ਵਿਚਲੀਆਂ ਥਾਂਵਾਂ ਵਲੋਂ ਵਿਚਾਰੇ ਜਾਣਗੇ (ਜਿਵੇਂ ਜਿਨ੍ਹਾਂ ਨੂੰ ਟਰੱਕ ਬਣਾਉਣ ਵਾਲੀਆਂ ਕੰਪਨੀਆਂ ਨੇ ਵਾਰੰਟੀ ਦਾ ਕੰਮ ਕਰਨ ਲਈ ਅਧਿਕਾਰਤ ਕੀਤਾ ਹੋਇਆ ਹੈ)। ਇੰਸਪੈਕਸ਼ਨ ਦੀ ਰਿਪੋਰਟ ਦੇ ਹਿੱਸੇ ਵਜੋਂ ਉਸ ਥਾਂ ਵਲੋਂ ਪੋਰਟ ਅਥਾਰਟੀ ਨੂੰ ਫੋਟੋਆਂ ਦਿੱਤੀਆਂ ਜਾਣਗੀਆਂ।
  - ਇੰਸਪੈਕਸ਼ਨ ਕਰਨ ਵਾਲੀਆਂ ਥਾਂਵਾਂ ਇੰਸਪੈਕਸ਼ਨ ਕਰਨਗੀਆਂ ਅਤੇ ਵਿਚਾਰ ਕੀਤੇ ਜਾਣ ਲਈ ਪੋਰਟ ਅਥਾਰਟੀ ਨੂੰ ਪੂਰੀ ਰਿਪੋਰਟ ਦੇਣਗੀਆਂ
- ਪੋਰਟ ਅਥਾਰਟੀ ਐਪਲੀਕੇਸ਼ਨ ਤੋਂ ਪਹਿਲਾਂ ਇਕ ਮੁਫਤ ਐਸਥੈਟਿਕਸ ਅਸੈੱਸਮੈਂਟ ਸਰਵਿਸ ਦੇਣ ਦੀ ਪੇਸ਼ਕਸ਼ ਕਰੇਗੀ ਤਾਂ ਜੋ ਇਹ ਫੈਸਲਾ ਕਰਨ ਵਿਚ ਟਰੱਕ ਮਾਲਕਾਂ ਦੀ ਮਦਦ ਹੋ ਸਕੇ ਕਿ ਕੀ ਟਰੱਕ ਵਲੋਂ ਦਿਖਾਈ ਦੇਣ ਦੀ ਸ਼ਰਤ ਪੂਰੀ ਕਰਨ ਦੀ ਸੰਭਾਵਨਾ ਹੈ ਜਾਂ ਨਹੀਂ
  - ਪੋਰਟ ਅਥਾਰਟੀ ਮੁਢਲੀ ਅਸੈੱਸਮੈਂਟ ਲਈ ਅਤੇ ਇਸ ਚੀਜ਼ ਬਾਰੇ ਮੁਢਲੀ ਸੇਧ ਦੇਣ ਲਈ ਟਰੱਕ ਦੀ ਫੋਟੋ (ਫੋਟੋਆਂ) ਪ੍ਰਵਾਨ ਕਰੇਗੀ ਕਿ ਕੀ ਟਰੱਕ ਦਿਖਾਈ ਦੇਣ ਦੇ ਮਿਆਰ ਪੂਰੇ ਕਰ ਸਕਦਾ ਹੈ ਜਾਂ ਨਹੀਂ ਕਰ ਸਕਦਾ ਹੈ
  - ਮੁਢਲੀ ਅਸੈੱਸਮੈਂਟ ਦਾ ਮਕਸਦ ਟਰੱਕ ਮਾਲਕਾਂ ਨੂੰ ਸੇਧ ਦੇਣਾ ਹੈ ਅਤੇ ਇਹ ਐਪਲੀਕੇਸ਼ਨ ਉੱਪਰ ਅੰਤਮ ਫੈਸਲਾ ਨਹੀਂ ਹੋਵੇਗਾ

**19. ਮੇਰੇ ਟਰੱਕ ਦਾ ਇਕ ਬਾਹਰਲਾ ਪਾਰਟ ਬਦਲਿਆ ਗਿਆ ਹੈ (ਜਿਵੇਂ ਕਿ ਡੋਰ ਜਾਂ ਫੈਂਡਰ) ਅਤੇ ਬਦਲਵਾਂ ਪਾਰਟ ਮੇਰੇ ਬਾਕੀ ਟਰੱਕ ਦੇ ਰੰਗ ਵਰਗਾ ਨਹੀਂ ਹੈ। ਕੀ ਮੇਰਾ ਟਰੱਕ ਛੋਟ ਦੀ ਕਾਰਵਾਈ ਦੇ ਦਿਖਾਈ ਦੇਣ ਵਾਲੇ ਹਿੱਸੇ ਵਿਚ ਆਪਣੇ ਆਪ ਹੀ ਫੇਲ੍ਹ ਹੋ ਜਾਵੇਗਾ?**

- ਕੋਈ ਟਰੱਕ ਜ਼ਰੂਰੀ ਨਹੀਂ ਕਿ ਕਿਸੇ ਇਕ, ਬਦਲੇ ਗਏ ਬਾਹਰੀ ਅਜਿਹੇ ਪਾਰਟ ਕਰਕੇ ਐਪਲੀਕੇਸ਼ਨ ਦੇ ਦਿਖਾਈ ਦੇਣ ਵਾਲੇ ਹਿੱਸੇ ਵਿਚ ਫੇਲ੍ਹ ਹੋ ਜਾਵੇ ਜਿਹੜਾ ਪਾਰਟ ਟਰੱਕ ਦੇ ਬਾਕੀ ਰੰਗ ਨਾਲ ਮੇਲ ਨਹੀਂ ਖਾਂਦਾ ਹੈ, ਪਰ ਇਹ ਇਕ ਪੱਖ ਹੈ ਜਿਸ ਨੂੰ ਪੋਰਟ ਅਥਾਰਟੀ ਫੈਸਲਾ ਕਰਨ ਵੇਲੇ ਧਿਆਨ ਵਿਚ ਰੱਖੇਗੀ। ਪੋਰਟ ਅਥਾਰਟੀ ਇਹ ਫੈਸਲਾ ਕਰਨ ਲਈ ਟਰੱਕ ਦੀ ਸਮੁੱਚੀ ਦਿੱਖ ’ਤੇ ਵਿਚਾਰ ਕਰੇਗੀ ਕਿ ਇਹ ਟਰੱਕ ਦੀ ਸੁਰੱਖਿਅਤ ਅਤੇ ਭਰੋਸੇਯੋਗ ਹਾਲਤ ਦੇ ਸੰਬੰਧ ਵਿਚ ਕੋਈ ਫਿਕਰ ਜਾਂ ਡਰ ਦਾ ਕਾਰਨ ਤਾਂ ਨਹੀਂ ਬਣੇਗੀ।

## 20. ਛੋਟ ਦੀ ਕਾਰਵਾਈ ਵਿਚ ਟਰੱਕ ਦੀ ਦਿੱਖ ਇਕ ਪੱਖ ਕਿਉਂ ਹੈ?

- *Canada Marine Act* ਪੋਰਟ ਅਥਾਰਟੀ ਤੋਂ ਇਹ ਮੰਗ ਕਰਦਾ ਹੈ ਕਿ ਉਹ ਸਥਾਨਕ ਲੋੜਾਂ ਅਤੇ ਤਰਜੀਹਾਂ ਪ੍ਰਤੀ ਜਵਾਬਦੇਹ ਹੋਵੇ ਅਤੇ ਆਪਣੇ ਪ੍ਰੋਗਰਾਮ ਤਿਆਰ ਅਤੇ ਲਾਗੂ ਕਰਨ ਵੇਲੇ ਕਮਿਊਨਟੀ ਦੀ ਰਾਇ ਨੂੰ ਧਿਆਨ ਵਿਚ ਰੱਖੇ।
- ਤਕਰੀਬਨ 1,850 TLS ਟਰੱਕ ਪੋਰਟ ਤੱਕ ਪਹੁੰਚਣ ਲਈ ਗੁਆਂਢੀ ਕਮਿਊਨਟੀਆਂ ਵਿਚ ਦੀ ਲੰਘਦੇ ਹਨ, ਅਤੇ ਹਰ ਸਾਲ ਤਕਰੀਬਨ 1 ਮਿਲੀਅਨ ਗੇੜੇ ਲਾਉਂਦੇ ਹਨ।
- ਕਿਸੇ ਟਰੱਕ ਦੀ ਦਿੱਖ ਇਸ ਦੀ ਸੇਫਟੀ ਅਤੇ ਭਰੋਸੇਯੋਗਤਾ ਬਾਰੇ ਸੋਝੀ ’ਤੇ ਅਸਰ ਪਾ ਸਕਦੀ ਹੈ। ਇਸ ਕਰਕੇ, ਪੋਰਟ ਅਥਾਰਟੀ ਇਹ ਫੈਸਲਾ ਕਰਨ ਲਈ ਟਰੱਕ ਦੀ ਸਮੁੱਚੀ ਦਿੱਖ ’ਤੇ ਵਿਚਾਰ ਕਰੇਗੀ ਕਿ ਕੀ ਟਰੱਕ ਦੀ ਸੁਰੱਖਿਅਤ ਅਤੇ ਭਰੋਸੇਯੋਗ ਹਾਲਤ ਦੇ ਸੰਬੰਧ ਵਿਚ ਕੋਈ ਫਿਕਰ ਜਾਂ ਡਰ ਪੈਦਾ ਹੋਣ ਦੀ ਸੰਭਾਵਨਾ ਹੈ। ਕਮਿਊਨਟੀ ਦੀ ਹਿਮਾਇਤ ਲੈਣ ਲਈ ਇਹ ਜ਼ਰੂਰੀ ਹੈ ਕਿ ਪੋਰਟ ਨਾਲ ਸੰਬੰਧਿਤ ਢੋਆ-ਢੁਆਈ ਸੁਰੱਖਿਅਤ, ਭਰੋਸੇਯੋਗ ਟਰੱਕਾਂ ਵਿਚ ਹੋ ਰਹੀ ਹੈ।

## 21. ਕਮਰਸ਼ੀਅਲ ਵਹੀਕਲ ਇੰਸਪੈਕਸ਼ਨ (ਸੀ ਵੀ ਆਈ) ਦੀ ਮੰਗ ਕਿਉਂ ਕੀਤੀ ਜਾਂਦੀ ਹੈ?

- ਬੀ.ਸੀ. ਵਿਚ ਚੱਲਣ ਵਾਲੀ ਕੋਈ ਵੀ ਕਮਰਸ਼ੀਅਲ ਗੱਡੀ ’ਤੇ ਸੇਫਟੀ ਦੇ ਮਿਆਰ ਲਾਗੂ ਹੁੰਦੇ ਹਨ ਜਿਨ੍ਹਾਂ ਵਿਚ ਸੀ ਵੀ ਆਈ ਸ਼ਾਮਲ ਹੈ। ਪੋਰਟ ਅਥਾਰਟੀ ਇਹ ਪੱਕਾ ਕਰਨਾ ਚਾਹੁੰਦੀ ਹੈ ਕਿ ਜੇ ਕਿਸੇ ਟਰੱਕ ਨੂੰ Rolling Truck Age Program ਵਿਚ ਛੋਟ ਦਿੱਤੀ ਜਾਂਦੀ ਹੈ ਤਾਂ ਇਹ ਨਾ ਸਿਰਫ ਇੰਸਪੈਕਸ਼ਨ ਦੇ ਸਮੇਂ ਸੜਕ ’ਤੇ ਚੱਲਣ ਦੇ ਮਿਆਰ ਪੂਰੇ ਕਰਦਾ ਹੈ, ਸਗੋਂ ਛੋਟ ਦੇ ਸਮੇਂ ਦੌਰਾਨ ਵੀ ਅਜਿਹਾ ਜਾਰੀ ਰਹਿਣ ਦੀ ਸੰਭਾਵਨਾ ਹੋਵੇਗੀ।

## ਇੰਸਪੈਕਸ਼ਨ ਕਰਨ ਵਾਲੀਆਂ ਥਾਂਵਾਂ

### 22. ਇੰਸਪੈਕਸ਼ਨ ਕਰਨ ਵਾਲੀਆਂ ਥਾਂਵਾਂ ਦੀ ਚੋਣ ਕਿਵੇਂ ਕੀਤੀ ਗਈ ਸੀ?

- ਪੋਰਟ ਅਥਾਰਟੀ ਨੇ ਇਹ ਫੈਸਲਾ ਕੀਤਾ ਹੈ ਕਿ OEM ਟਰੱਕ ਡੀਲਰਸ਼ਿਪਾਂ, ਨਾ ਸਿਰਫ ਕਿਸੇ ਟਰੱਕ ਦੀ ਮਕੈਨੀਕਲ ਅਤੇ ਦਿਖਾਈ ਦਿੰਦੀ ਹਾਲਤ ਦਾ ਬਿਹਤਰ ਅਨੁਮਾਨ ਲਾਉਣ ਦੇ ਯੋਗ ਹਨ, ਸਗੋਂ ਵਾਤਾਵਰਣ ਨਾਲ ਸੰਬੰਧਿਤ ਪੱਖਾਂ ਦਾ ਅਨੁਮਾਨ ਲਾਉਣ ਦੇ ਵੀ ਯੋਗ ਹਨ
- ਇੰਸਪੈਕਸ਼ਨ ਦੇ ਇੱਕੋ ਜਿਹੇ ਮਾਪ ਦੰਡ ਹਿੱਸਾ ਲੈਣ ਵਾਲੀਆਂ ਸਾਰੀਆਂ OEM ਟਰੱਕ ਡੀਲਰਸ਼ਿਪਾਂ ਨੂੰ ਦਿੱਤੇ ਗਏ ਹਨ
- ਲੋੜੀਂਦੀ ਇੰਸਪੈਕਸ਼ਨ ਕਰਨ ਅਤੇ ਇਨ੍ਹਾਂ ਇੰਸਪੈਕਸ਼ਨਾਂ ਦੇ ਨਤੀਜੇ ਪੋਰਟ ਅਥਾਰਟੀ ਨੂੰ ਦਿੱਤੇ ਜਾਣ ਲਈ ਪੋਰਟ ਅਥਾਰਟੀ ਨੇ ਰਿਪੇਅਰ ਕਰਨ ਵਾਲੀਆਂ ਕਈ ਕੰਪਨੀਆਂ ਦੀਆਂ ਸੇਵਾਵਾਂ ਲਈਆਂ ਹਨ
- ਛੇ ਕੰਪਨੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਦੀਆਂ ਇਕ ਨਾਲੋਂ ਜ਼ਿਆਦਾ ਲੋਕੇਸ਼ਨਾਂ ਹਨ, ਜਿਨ੍ਹਾਂ ਦੀ ਅਧਿਕਾਰਤ ਇੰਸਪੈਕਸ਼ਨ ਕੰਪਨੀਆਂ ਵਜੋਂ ਪਛਾਣ ਕੀਤੀ ਗਈ ਹੈ

### 23. ਇੰਸਪੈਕਸ਼ਨ ਕਰਨ ਵਾਲੀਆਂ ਕੰਪਨੀਆਂ ਕਿੱਥੇ ਹਨ?

| ਮਾਡਲ | ਇੰਸਪੈਕਸ਼ਨ ਕਰਨ ਵਾਲੀ ਕੰਪਨੀ ਦਾ ਨਾਂ | ਸਥਾਨ |
|---|---|---|
| Freightliner | First Truck Centre Vancouver | 18688 – 96th Ave<br>Surrey, BC V4N 3P9<br><br>278 Riverside Rd<br>Abbotsford, BC V2S 8E8 |
| International | Harbour International Trucks Ltd. | 19880 – 96 Ave<br>Langley, BC V1M 0B8 |
| Kenworth | Inland Kenworth | 26770 Gloucester Way<br>Langley, BC V4W 3V6<br><br>5550 Goring St<br>Burnaby, BC V5B 3A4 |
| Peterbilt | Peterbilt Pacific Inc. | 19470 – 96th Ave<br>Surrey, BC V4N 4C2 |
| Volvo & Mack | Pacific Coast Heavy Truck Group | 918 Cliveden Ave<br>Delta, BC V3M 5R5<br><br>9758 203 St<br>Langley City, BC V1M 4B9 |
| Western Star | Cullen Western Star Ltd. | 9300 – 192 Street<br>Surrey, BC V4N 3R8 |

## ਬਿਲਕੁਲ ਨਵੇਂ ਟਰੱਕਾਂ ਦੀ ਡਲਿਵਰੀ ਵਿਚ ਦੇਰੀ ਲਈ ਟੈਂਪਰੇਰੀ ਗਰੇਸ ਪੀਰੀਅਡ (ਆਰਜ਼ੀ ਵਾਧੂ ਸਮਾਂ)

**24. ਟੈਂਪਰੇਰੀ ਗਰੇਸ ਪੀਰੀਅਡ ਲਈ ਕੌਣ ਅਪਲਾਈ ਕਰ ਸਕਦਾ ਹੈ?**

- ਐਪਲੀਕੇਸ਼ਨ ਕਰਨ ਵਾਲਾ ਉਹ ਵਿਅਕਤੀ ਜਿਸ ਨੇ ਬਿਲਕੁਲ ਨਵਾਂ ਟਰੱਕ ਆਰਡਰ ਕੀਤਾ ਹੋਇਆ ਹੈ ਜਿਸ ਦੀ ਡਲਿਵਰੀ ਵਿਚ ਦੇਰੀ ਹੋ ਗਈ ਹੈ।

**25. ਟੈਂਪਰੇਰੀ ਗਰੇਸ ਪੀਰੀਅਡ ਲਈ ਐਪਲੀਕੇਸ਼ਨਾਂ ’ਤੇ ਕਿਵੇਂ ਵਿਚਾਰ ਕੀਤਾ ਜਾਵੇਗਾ?**

- ਪੋਰਟ ਅਥਾਰਟੀ ਕਈ ਚੀਜ਼ਾਂ ਦੇ ਆਧਾਰ ’ਤੇ ਐਪਲੀਕੇਸ਼ਨਾਂ ’ਤੇ ਵਿਚਾਰ ਕਰੇਗੀ ਜਿਵੇਂ ਕਿ ਨਵਾਂ ਟਰੱਕ ਖਰੀਦਣ ਲਈ ਕੌਨਟਰੈਕਟ ਨੂੰ ਰੱਦ ਨਾ ਕਰ ਸਕਣਾ, ਏਜਿੰਗ-ਆਊਟ ਕੀਤੇ ਜਾ ਰਹੇ ਟਰੱਕ ਦੀ ਉਮਰ ਅਤੇ ਹਾਲਤ, ਅਤੇ ਮੰਗੇ ਗਏ ਗਰੇਸ ਪੀਰੀਅਡ ਦੀ ਮਿਆਦ।

**26. ਜੇ ਬਿਲਕੁਲ ਨਵੇਂ ਟਰੱਕ ਦੀ ਉਡੀਕ ਕਰਨ ਦੌਰਾਨ, ਟੈਂਪਰੇਰੀ ਗਰੇਸ ਪੀਰੀਅਡ ਲਈ ਮਨਜ਼ੂਰੀ ਮਿਲਣ ਤੋਂ ਬਾਅਦ, ਟਰੱਕ ਮਾਲਕ ਆਪਣਾ ਮਨ ਬਦਲ ਲੈਂਦਾ ਹੈ ਤਾਂ ਕੀ ਉਹ ਆਪਣੇ ਮੌਜੂਦਾ ਏਜਿੰਗ ਆਊਟ ਟਰੱਕ ਦੀ ਥਾਂ ਕੋਈ ਅਜਿਹਾ ਟਰੱਕ ਲੈ ਸਕਦਾ ਹੈ ਜਿਹੜਾ ਬਿਲਕੁਲ ਨਵਾਂ ਨਹੀਂ ਹੈ?**

- ਨਹੀਂ, ਬਿਲਕੁਲ ਨਵੇਂ ਟਰੱਕ ਦੀ ਉਡੀਕ ਕਰਨ ਦੌਰਾਨ ਮਿਲੇ ਗਰੇਸ ਪੀਰੀਅਡ ਵਾਲੇ ਐਪਲੀਕੇਸ਼ਨ ਕਰਤਾ ਆਪਣਾ ਟਰੱਕ ਪੁਰਾਣੇ ਟਰੱਕ ਨਾਲ ਬਦਲਣ ਦਾ ਆਪਣਾ ਮੌਕਾ ਗੁਆ ਬਹਿਣਗੇ।
-

**27. ਜੇ ਮੇਰੇ ਮਨ ਵਿਚ ਕੋਈ ਸਵਾਲ ਹੋਣ ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ ਹਾਂ?**

- ਜੇ ਤੁਹਾਡੇ ਮਨ ਵਿਚ ਪੋਰਟ ਅਥਾਰਟੀ ਦੇ Rolling Truck Age Program ਬਾਰੇ ਕੋਈ ਵੀ ਸਵਾਲ ਹੋਣ ਤਾਂ 604.665.9333 ’ਤੇ ਫੋਨ ਕਰੋ ਜਾਂ tls@portvancouver.com ’ਤੇ ਈਮੇਲ ਕਰੋ।